# ਅੰਤਹਕਰਣ

## 1 ਕੁਰਿੰਥੀਆਂ 8:7-13; 10:25-30

*''ਮੈਂ ਆਪ ਵੀ ਇਸ ਵਿਚ ਜਤਨ ਕਰਦਾ ਹਾਂ ਜੋ ਪਰਮੇਸ਼ੁਰ ਅਤੇ ਮਨੁੱਖਾਂ ਦੇ ਸਾਹਮਣੇ ਕਦੇ ਮੇਰਾ ਮਨ ਮੈਨੂੰ ਦੋਸ਼ੀ ਨਾ ਕਰੇ'' (ਰਸੂਲਾਂ ਦੇ ਕੰਮ 24: 16)।*

ਅਰਲ ਸਟੈਨਲੀ ਗਾਰਡਨਰ ਤੋਂ ਖਿਮਾ ਮੰਗਦਿਆਂ,[1] ਮੈਨੂੰ ਲਗਦਾ ਹੈ ਕਿ ਮਨੁੱਖੀ ਅੰਤਹਕਰਣ ''ਦ ਕੋਰਟ ਆਫ਼ ਲਾਸਟ ਰਿਜ਼ੋਰਟ'' ਹੀ ਹੈ। ਅੰਤਹਕਰਣ ਉਹੀ ਹੈ ਜਿਸ ਨੂੰ ਖ਼ੁਦਾ ਨੇ ਮਨੁੱਖ ਨੂੰ ਯਾਦ ਦੁਆਉਣ ਲਈ ਦਿੱਤਾ ਹੈ ਕਿ ਖ਼ੁਦਾ ਅੱਜ ਵੀ ਖ਼ੁਦਾ ਹੈ। ਸਦਾਚਾਰੀ ਬੰਦੇ ਦੀ ਸਾਂਮ ਹੈ। ਜਾਨਵਰਾਂ ਵਿਚ ਕੌਮਨ ਸੈਂਸ ਭਾਵ ਸਹਿਜ ਬੁੱਧੀ ਹੁੰਦੀ ਹੈ। ਪਰ ਉਨ੍ਹਾਂ ਵਿਚ ਅੰਤਹਕਰਣ ਨਹੀਂ ਹੁੰਦਾ। ਕੁੱਤਾ ਕੁੱਤਾ ਹੀ ਰਹਿੰਦਾ ਹੈ। ਉਹ ਬਿੱਲੀ ਨਹੀਂ ਬਣ ਸਕਦਾ। ਉਹ ਬਿੱਲੀ ਬਣਨਾ ਚਾਹੇ ਤਾਂ ਵੀ ਨਹੀਂ ਬਣ ਸਕਦਾ। ਜਾਨਵਰ ਨਾ ਤਾਂ ਨੇਕ ਜਾਂ ਬਦਕਾਰ ਨਹੀਂ ਹੁੰਦੇ, ਉਹ ਤਾਂ ਇਖ਼ਲਾਕੋਂ ਬਾਹਰੇ ਹੁੰਦੇ ਹਨ। ਮਨੁੱਖ ਸਦਾਚਾਰੀ ਹੈ। ਉਸ ਵਿਚ ਇੱਛਾ ਅਤੇ ਪਸੰਦ ਚੁਣਨ ਦੀ ਸਮਝ ਹੈ। ਮਨੁੱਖ ''ਸੰਤ'' ਜਾਂ ''ਸ਼ੈਤਾਨ'' ਦੋਵੇਂ ਹੋ ਸਕਦਾ ਹੈ। ਪਰ ਖ਼ੁਦਾ ਨੇ ਮਨੁੱਖ ਨੂੰ ਛੱਡਿਆ ਨਹੀਂ ਹੈ; ਉਸ ਨੇ ਉਸ ਨੂੰ ਭਲਿਆਈ ਕਰਨ ਅਤੇ ਪਾਪ ਕਰਨ ਤੇ ਦੋਸ਼ੀ ਹੋਣ ਲਈ ਦਲੇਰ ਕਰਨ ਦੀਆਂ ਮਾਨਤਾਵਾਂ ਦੇ ਉਲਟ ਹੱਲਾਸ਼ੇਰੀ ਦੇਣ ਲਈ ਉਸ ਵਿਚ ਇਕ ਅਲਾਰਮ ਲਗਾ ਦਿੱਤਾ ਹੈ। ਦੋਸਤ ਦੁਸ਼ਮਣ ਨਹੀਂ ਬਲਕਿ ਦੋਸਤ ਹੈ। ਮਸ਼ਹੂਰ ਮਨੋਵਿਗਿਆਨ ਦੀਆਂ ਮਾਨਤਾਵਾਂ ਦੇ ਉਲਟ ਦੋਸ਼ ਮੁਕਤੀ ਲਈ ਪਹਿਲਾ ਕਦਮ ਹੋਣਾ ਚਾਹੀਦਾ ਹੈ। ਸਾਡੇ ਪਾਪ ਅਤੇ ਦੋਸ਼ ਨੂੰ ਧੋਣ ਲਈ ਇੱਕੋ ਇਕ ਚੀਜ਼ ਮਸੀਹ ਦਾ ਲਹੂ ਹੈ।

ਖ਼ੁਦਾ, ਬਾਈਬਲ ਅਤੇ ਪਾਕ ਜ਼ਿੰਦਗੀ ਵਾਂਗ ਅੰਤਹਕਰਣ ਹੇਰਵੇ ਵਾਂਗ ਇਕ ਚੁਟਕਲਾ ਜਿਹਾ ਬਣ ਗਿਆ ਹੈ:

''ਅੰਤਹਕਰਣ ਅਜਿਹੀ ਸੱਸ ਹੈ ਜਿਸ ਦਾ ਆਉਣਾ ਜਾਣਾ ਮੁੱਕਦਾ ਨਹੀਂ ਹੈ।''
''ਅੰਤਹਕਰਣ ਤੁਹਾਨੂੰ ਆਪਣੀ ਮਾਂ ਨੂੰ ਭੈਣ ਨਾਲੋਂ ਪਹਿਲਾਂ ਦੱਸਣ ਲਈ ਤਿਆਰ ਕਰਦਾ ਹੈ।''
''ਅੰਤਹਕਰਣ ਉਹ ਤਾਰੀਫ਼ ਲੈ ਲੈਂਦਾ ਹੈ, ਜੋ ਮਾਯੂਸ ਪੈਰਾਂ ਨੂੰ ਮਿਲਣੀ ਚਾਹੀਦੀ ਸੀ।''

ਅੰਤਹਕਰਣ ਨੂੰ ਭੁਲਾਇਆ ਜਾਂ ਇਸ ਨੂੰ ਮਜ਼ਾਕ ਨਹੀਂ ਬਣਾਇਆ ਜਾਣਾ ਚਾਹੀਦਾ। ਹਾਲ ਹੀ ਦੇ ਸਾਲਾਂ ਵਿਚ ਅਮਰੀਕਾ ਦੇ ਇਕ ਸਕੂਲ ਵਿਚ ਗੋਲੀ ਚੱਲਣ ਦੀ ਦੁਖਦ ਘਟਨਾ ਵਿਚ ਮੁੱਖ ਤੌਰ ਤੇ ਕਿਹੜੇ ਦੋ ਸ਼ਬਦ ਗਾਇਬ ਹਨ? *ਪਾਪ* ਅਤੇ *ਅੰਤਹਕਰਣ!* ਅਸੀਂ ਘਬਰਾਹਟ ਵਿਚ ਆਪਣੇ ਹੱਥ ਮਲਣ ਲਗਦੇ ਹਾਂ! ''ਭਲਾ ਕਰਨ ਵਾਲੇ'' ਲੋਕਾਂ ਕੋਲ ਸਾਰੇ ਹੱਲ ਹੁੰਦੇ ਹਨ, ਭਾਵੇਂ ਵਿੱਚੋਂ ਬਹੁਤੇ ਸਮਝ ਦੀ ਬੇਇਜ਼ਤੀ ਕਰਦੇ ਹਨ। ਸਕੂਲਾਂ ਵਿਚ ਹਥਿਆਰ ਲੈ ਜਾਣ ਦੇ ਨਿਯਮ ਅਤੇ ਮੈਟਲ ਡਿਟੈਕਟਰ ਵਧ ਜਾਣਗੇ। ਇਨ੍ਹਾਂ ਨੂੰ ਇਲਾਜ ਨਹੀਂ ਬਲਕਿ ''ਬੈਂਡ-ਏਡ'' ਕਿਹਾ ਜਾ ਸਕਦਾ ਹੈ! ਲੱਛਣਾਂ ਦਾ ਇਲਾਜ ਹੁੰਦਾ ਹੈ; ਵੋਟ ਖਰੀਦੇ ਜਾਂਦੇ ਹਨ; ਹਿੰਸਾ ਉਵੇਂ ਦੀ ਉਵੇਂ ਰਹਿੰਦੀ ਹੈ। ਅਜਿਹੀ ਹਿੰਸਾ ਤਦ ਤਕ ਖ਼ਤਰਨਾਕ ਰੂਪ ਲੈਂਦੀ ਰਹੇਗੀ ਜਦ ਤਕ ਅਸੀਂ ''ਸਹੀ ਅਤੇ ਗਲਤ'' (ਪਾਪ ਨੂੰ ਮੰਨ ਲੈਣ) ਅਤੇ ਅੰਤਹਕਰਣ ਦੇ ਵਧਣ ਦੀ ਜਾਗਰੂਕਤਾ ਦੀ ਮੰਗ ਨਹੀਂ ਕਰਦੇ। ਇਹ ਸਿਧਾਂਤ ਘਰ ਵਿਚ ਨਹੀਂ ਸਿਖਾਏ ਜਾ ਰਹੇ ਪਰ ਸਕੂਲ ਦੇ ਨਿਯਮਾਂ ਦੇ ਖਿਲਾਫ਼ ਹਨ। ਮੈਨੂੰ ਬਹੁਤ ਸਾਰੀਆਂ ਗੱਲਾਂ ਦਾ ਪਤਾ

ਨਹੀਂ ਹੈ ਪਰ ਦੋ ਗੱਲਾਂ ਜ਼ਰੂਰ ਜਾਣਦਾ ਹਾਂ: (1) ਸਕੂਲਾਂ ਵਿਚ ''ਗੋਲੀਆਂ ਚਲਾਉਣ ਵਾਲਿਆਂ'' ਨੂੰ ਸਹੀ ਅਤੇ ਗਲਤ ਦੀ ਸਿੱਖਿਆ ਨਹੀਂ ਦਿੱਤੀ ਗਈ ਸੀ, ਅਤੇ (2) ਉਨ੍ਹਾਂ ਵਿਚ ਮਸੀਹੀ ਅੰਤਹਕਰਣ ਨਹੀਂ ਪਾਇਆ ਗਿਆ ਸੀ। ਸਾਫ਼ ਹੈ ਕਿ ਮਾਤਾ ਪਿਤਾ, ਸਕੂਲਾਂ ਅਤੇ ਸ਼ਹਿਰਾਂ ਨੂੰ ਹਰ ਬੱਚੇ ਵਿਚ ਚੰਗਾ ਅੰਤਹਕਰਣ ਪਾਉਣਾ ਜ਼ਰੂਰੀ ਹੈ। ਅਤੇ ਜਿੰਨੀ ਛੇਤੀ ਹੋ ਸਕੇ, ਓਨਾ ਹੀ ਚੰਗਾ ਹੈ!

ਅਸੀਂ ''ਆਪਣੀਆਂ ਰੂਹਾਂ ਨੂੰ ਮਨੋਵਿਗਿਆਨ ਦੀ ਦੁਕਾਨ ਵਿਚ ਵੇਚ ਦਿੱਤਾ'' ਹੈ। ਅਸੀਂ ਧਰਮ ਵਿਗਿਆਨ ਦੇ ਨਹੀਂ ਬਲਕਿ ਮਨੋਵਿਗਿਆਨ ਦੇ ਮੁਤਾਬਕ ਚੱਲਦੇ ਹਾਂ। ਮਨੋਵਿਗਿਆਨ ਪਾਪ ਦੀ ਹਕੀਕਤ ਨੂੰ ਨਕਾਰਦਾ ਹੈ ਕਿਉਂਕਿ ਮਨੋਵਿਗਿਆਨ ਵਿਚ ਅੰਤਹਕਰਣ ਲਈ ਕੋਈ ਥਾਂਅ ਨਹੀਂ ਹੈ। ਮਨੋਵਿਗਿਆਨ ਜ਼ਿੰਦਗੀ ਦੇ ਸਭ ਅਹਿਮ ਖੇਤਰਾਂ ਵਿਚ ਨਾਕਾਮ ਹੈ। ਸਿੱਖਿਆ ਅਤੇ ਫ਼ਲਸਫ਼ੇ ਭਾਵ ਦਰਸ਼ਣ ਵਿਗਿਆਨ ਵਾਸਤੇ ਅੰਤਹਕਰਣ ਇਕ ਪਹੇਲੀ ਹੈ। ''ਕਦਰਾਂ'' ਦੀ ਥਾਂਅ ਹੁਣ ਇਖ਼ਲਾਕ ਨੇ ਲੈ ਲਈ ਹੈ। ਸਭਿਆਚਾਰਕ ਕਦਰਾਂ ਵੀ ਬੇਕਾਰ ਹੋ ਗਈਆਂ ਹਨ। ਚੰਗੇ ਅੰਤਹਕਰਣ ਨਾਲ ਤੁਸੀਂ ਅੰਤਹਕਰਣ ਦਾ ਇਨਕਾਰ ਨਹੀਂ ਕਰ ਸਕਦੇ! ਇਹ ਉੱਥੇ ਹੀ ਹੈ! ਇਸ ਦਾ ਇਨਕਾਰ ਨਹੀਂ ਕੀਤਾ ਜਾ ਸਕਦਾ! ਅੰਤਹਕਰਣ ਮਨੁੱਖ ਲਈ ਖ਼ੁਦਾ ਦਾ ਠਹਿਰਾਇਆ ਅਫ਼ਸਰ ਹੈ। ਇਹਦੇ ਲਈ ਜ਼ਰੂਰੀ ਹੈ ਕਿ ਉਹ ਉਸੇ ਦੇ ਹੁਕਮਾਂ ਦਾ ਪਾਲਨ ਕਰੇ। ਅੰਤਹਕਰਣ ਖ਼ੁਦਾ ਦੇ ਵਜੂਦ ਦਾ ਵੱਡਾ ਸਬੂਤ ਹੈ! ਅੰਤਹਕਰਣ ਜਾਂ ਤਾਂ ਸਾਡਾ ਸਭ ਤੋਂ ਵੱਡਾ ਦੋਸਤ ਜਾਂ ਸਭ ਤੋਂ ਵੱਡਾ ਦੁਸ਼ਮਣ ਬਣ ਸਕਦਾ ਹੈ। ਅੰਤਹਕਰਣ ਦੇ ਮਰ ਜਾਣ ਤੇ ਆਸ ਮੁੱਕ ਜਾਂਦੀ ਹੈ। ਅੰਤਹਕਰਣ ਆਤਮਾ ਵਿੱਚੋਂ ਉਵੇਂ ਹੀ ਨਿੱਕਲਦਾ ਹੈ ਜਿਵੇਂ ਜਿਸਮ ਵਿੱਚੋਂ ਜੋਸ਼। ਅੰਤਹਕਰਣ ਦੀ ਹਕੂਮਤ ਸਰੀਰ ਦੀਆਂ ਵਾਸ਼ਨਾਵਾਂ ਉੱਤੇ ਆਤਮਾ ਦੀ ਹਕੂਮਤ ਹੈ। ਖ਼ੁਦਾ ਦੇ ਨਾਲ ਸਾਡਾ ਰੋਜ਼ ਦਾ ਚੱਲਣਾ ''ਅੰਤਹਕਰਣ ਮੁਤਾਬਕ ਚੱਲਣਾ'' ਹੀ ਤਾਂ ਹੈ।

ਇਕ ਬਜ਼ੁਰਗ ਭਾਰਤੀ ਨੇ ਬਹੁਤ ਵਧੀਆ ਢੰਗ ਨਾਲ ਸਮਝਾਇਆ ਹੈ। ਉਸ ਨੇ ਕਿਹਾ, ਕਿ ਉਸ ਦੇ ਅੰਦਰ ਉਸ ਉੱਤੇ ਕਾਬਜ਼ ਹੋਣ ਲਈ, ਦੋ ਕੁੱਤੇ ਆਪੋ ਵਿਚ ਝਗੜ ਰਹੇ ਸਨ। ਕੋਲ ਖਲੋਤੇ ਕਿਸੇ ਬੰਦੇ ਨੇ ਪੁੱਛਿਆ, ''ਜਿੱਤਿਆ ਕੌਣ?'' ਉਸ ਬਜ਼ੁਰਗ ਦੇ ਜਵਾਬ ਦਿੱਤਾ, ''ਜਿਸ ਨੂੰ ਮੈਂ ਕਿਹਾ, 'ਢਾਹ ਲੈ!' ''

## ਅੰਤਹਕਰਣ ਕੀ ਨਹੀਂ ਹੈ

ਅੰਤਹਕਰਣ ਕਾਨੂੰਨ, ਨਿਯਮ ਜਾਂ ਮਾਨਕ ਨਹੀਂ ਹੈ। ਇਸ ਵਿਚ ਸਾਡੀ ਸਭ ਤੋਂ ਵੱਡੀ ਗਲਤਫ਼ਹਿਮੀ ਹੈ। ਅੰਤਹਕਰਣ ਸਾਨੂੰ ਇਹ ਨਹੀਂ ਦੱਸਦਾ ਕਿ ਕੀ ਸਹੀ ਅਤੇ ਕੀ ਗਲਤ ਹੈ। ਅੰਤਹਕਰਣ ਗਾਈਡ (guide) ਜਾਂ ਰਾਹ ਦੱਸਣ ਵਾਲਾ ਨਹੀਂ ਬਲਕਿ ਗੋਡ (goad) ਭਾਵ ਅੜਿਕਾ ਹੈ। ਅੰਤਹਕਰਣ ਭਲਿਆਈ ਕਰਨ ਲਈ ਉਕਸਾਉਂਦਾ ਹੈ ਅਤੇ ਸਾਡੇ ਪਾਪ ਕਰਨ ਤੇ ਸਾਨੂੰ ਲਗਾਤਾਰ ਘੂਰਦਾ ਰਹਿੰਦਾ ਹੈ। ਦਾਊਦ ਨੇ ਆਖਿਆ, ''ਮੇਰਾ ਪਾਪ ਸਦਾ ਮੇਰੇ ਸਾਹਮਣੇ ਹੈ'' (ਜ਼ਬੂਰ 51:3)। ਅੰਤਹਕਰਣ ਸਾਡੇ ਅੰਦਰ ''ਕਰਨਾ ਚਾਹੀਦਾ'' ਹੈ। ਅੰਤਹਕਰਣ ਸਾਨੂੰ ਦੱਸਦਾ ਹੈ ਕਿ ਸਾਨੂੰ ਸਹੀ ਕਮ ਕਰਨਾ ਚਾਹੀਦਾ ਹੈ, ਪਰ ਇਹ, ਇਹ ਨਹੀਂ ਦੱਸਦਾ ਕਿ ਸਹੀ ਕੀ ਹੈ। ਨਿਯਮ ਜਾਂ ਵਿਵਸਥਾ ਜਾਂ ਮਾਨਕ ਤਾਂ ਖ਼ੁਦਾ ਦਾ ਵਚਨ (ਬਾਈਬਲ) ਹੀ ਹੈ। ਮੰਜ਼ੂਰੀ ਦੇਣ ਵਾਲੇ ਅੰਤਹਕਰਣ ਨਾਲੋਂ ਵੱਧ ਕੋਈ ਰੋਮਾਂਚਿਤ ਨਹੀਂ ਕਰਦਾ ਅਤੇ ਮੁਜ਼ਰਮ ਠਹਿਰਾਉਣ ਵਾਲੇ ਅੰਤਹਕਰਣ ਨਾਲੋਂ ਵੱਧ ਕੋਈ ਮੁਜ਼ਰਮ ਠਹਿਰਾਉਣ ਵਾਲਾ ਨਹੀਂ ਹੈ। ਅੰਤਹਕਰਣ ਸਾਡਾ ''ਨੈਤਿਕ ਠਾਣੇਦਾਰ'' ਹੈ। ਇਹ ਨਿਚੋੜ ਕੱਢ ਕੇ ਕਿ ''ਉਹ ਗਲਤ ਸੀ!'' ਅੰਤਹਕਰਣ ਕੁਰਲਾਉਂਦਾ ਹੈ, ''ਇਹਦਾ ਕੁਝ ਕਰੋ!'' ਅੰਤਹਕਰਣ ਨਾ ਤਾਂ ਕਾਨੂੰਨ ਹੈ ਅਤੇ ਨਾ ਕਾਨੂੰਨ ਬਣਾਉਂਦਾ ਹੈ। ਅੰਤਹਕਰਣ ਕਾਨੂੰਨ ਜਾਂ ਨਿਯਮ ਨੂੰ ਪਹਿਲਾਂ ਤੋਂ ਮੰਨ ਕੇ ਉਸ ਨੂੰ ਸਮਝ ਲੈਂਦਾ ਹੈ। ਜਦ ਬੰਦਾ ਕਾਨੂੰਨ ਨੂੰ ਜ਼ਰੂਰੀ ਮੰਨਦਾ ਹੈ ਤਾਂ ਅੰਤਹਕਰਣ ਉਸੇ ਦੇ ਮੁਤਾਬਕ ਪ੍ਰਤਿਕਿਰਿਆ ਕਰੇਗਾ। ਅੰਤਹਕਰਣ ਇਕ ਤੱਥ ਹੈ।

ਅੰਤਹਕਰਣ ਦੀ ਭੂਮਿਕਾ ਕਾਨੂੰਨੀ ਅਤੇ ਨਿਆਇਕ ਦੋਵੇਂ ਤਰ੍ਹਾਂ ਦੀ ਹੈ। ਆਪਣੀ ਕਾਨੂੰਨੀ ਭੂਮਿਕਾ ਵਿਚ ਅੰਤਹਕਰਣ ਕਿਸੇ ਕੰਮ ਦੇ ਸਹੀ ਜਾਂ ਗਲਤ ਹੋਣ ਦਾ ਫ਼ੈਸਲਾ ਲੈਂਦਾ ਹੈ। ਇਹ ਸ਼ਰ੍ਹਾ, ਗਿਆਨ ਜਾਂ ਸਮਝ ਤੇ ਅਧਾਰਿਤ ਹੈ। ਆਪਣੀ ਨਿਆਇਕ ਭੂਮਿਕਾ ਵਿਚ, ਅੰਤਹਕਰਣ ਮਾਫ਼ ਕਰਦਾ ਜਾਂ ਇਲਜ਼ਾਮ ਲਾਉਂਦਾ ਹੈ। ਇਸ ਵਿਚ ਸਾਡੀਆਂ ਭਾਵਨਾਵਾਂ ਵੀ ਹਨ। ਦਾਊਦ ਦੇ ਅੰਤਹਕਰਣ (ਮਨ) ਨੇ ਉਸ ਨੂੰ ਝਿੜਕਿਆ, ਕਿਉਂਕਿ ਉਸ ਨੇ ਜ਼ਨਾਹ ਅਤੇ ਕਤਲ ਕੀਤਾ ਸੀ (1 ਸਮੂਏਲ 24:5; 2 ਸਮੂਏਲ 11:14, 15; 12:9; 24:10)। ਖ਼ੁਦਾ ਅੱਗੇ ਦਾਊਦ ਦੀ ਪੁਕਾਰ ਇਕ ਸ਼ੁੱਧ ਮਨ, ਭਾਵ ਇਕ ਨਵੀਂ ਅਤੇ ਚੰਗੀ ਰੂਹ ਲਈ ਸੀ (ਜ਼ਬੂਰ 51:10)। ਅੰਤਹਕਰਣ ਦੇ ਖਿਲਾਫ਼ ਕੰਮ ਕਰਨਾ ਗਲਤ ਹੀ ਹੁੰਦਾ ਹੈ (ਰੋਮੀਆਂ 14:23)।

(2) ਅੰਤਹਕਰਣ ਹਮੇਸ਼ਾ ਸਾਡਾ ਸੁਰੱਖਿਅਤ ਗਾਈਡ ਨਹੀਂ ਹੁੰਦਾ। ਪੌਲੁਸ ਨੇ ਕਲੀਸੀਆ ਦੀ ਬੜੀ ਬਰਬਾਦੀ ਕੀਤੀ ਸੀ। ਉਸ ਨੇ ਮਸੀਹ ਨੂੰ ਸਤਾਇਆ ਸੀ ਅਤੇ ਇਸਤੀਫ਼ਾਨ ਨੂੰ ਪਥਰਾਅ ਕਰਨ ਵਾਲਿਆਂ ਦਾ ਸਾਥ ਦਿੱਤਾ ਸੀ। ਇਹ ਸਭ ਸ਼ੁੱਧ ਅੰਤਹਕਰਣ ਨਾਲ ਕੀਤਾ ਗਿਆ ਸੀ (ਰਸੂਲਾਂ ਦੇ ਕੰਮ 23:1)। ਅੰਤਹਕਰਣ ਬਦਲਦਾ ਨਹੀਂ ਹੈ ਅਤੇ ਪੌਲੁਸ ਨੇ ਵੀ ਆਪਣਾ ਅੰਤਹਕਰਣ ਕਦੇ ਨਹੀਂ ਬਦਲਿਆ। ਬਦਲਦੀ ਤਾਂ ਤੁਹਾਡੀ ਜਾਣਕਾਰੀ, ਤੁਹਾਡਾ ਗਿਆਨ ਅਤੇ ਤੁਹਾਡਾ ਯਕੀਨ ਹੈ। ਪੌਲੁਸ ਨੂੰ ਸਮਝ ਆ ਜਾਣ ਤੇ ਉਸ ਦੇ ਅੰਤਹਕਰਣ ਨੇ ਉਸ ਨੂੰ ਬਦਲ ਦਿੱਤਾ। ਅੰਤਹਕਰਣ ਸੱਚ ਨੂੰ ਝੂਠ ਜਾਂ ਝੂਠ ਨੂੰ ਸੱਚ ਨਹੀਂ ਬਣਾ ਸਕਦਾ। ਦੂਜੇ ਸ਼ਬਦਾਂ ਵਿਚ ਅੰਤਹਕਰਣ ਇਕ ਵਧੀਆ ਗਾਈਡ ਹੋ ਸਕਦਾ ਹੈ। ਕੁਝ ਮਾਂਵਾਂ ਬੜੇ ਵਿਸ਼ਵਾਸ ਨਾਲ ਆਪਣੇ ਬੱਚਿਆਂ ਨੂੰ ਮਗਰਮੱਛਾਂ ਅੱਗੇ ਸੁੱਟ ਦਿੰਦੀਆਂ ਹਨ। ਇਹ ਸਭ ਸ਼ੁੱਧ ਅੰਤਹਕਰਣ ਨਾਲ ਹੀ ਹੁੰਦਾ ਹੈ। ਅੰਤਹਕਰਣ ਕਿਸੇ ਨੂੰ ਬਚਾਉਂਦਾ ਨਹੀਂ ਹੈ। ਸ਼ੁੱਧ ਅੰਤਕਹਰਣ ਦਾ ਮਤਲਬ ਇਹ ਨਹੀਂ ਹੈ ਕਿ ਕੋਈ ਸਹੀ ਹੀ ਹੋਵੇਗਾ। ਬੇਸ਼ੱਕ ਅੰਤਹਕਰਣ ਦੇ ਖਿਲਾਫ਼ ਜਾਣਾ ਗਲਤ ਹੈ, ਪਰ ਹਰ ਅੰਤਹਕਰਣ ਦੀ ਮੰਨਣੀ ਵੀ ਸਹੀ ਨਹੀਂ ਹੁੰਦੀ। ਅੰਤਹਕਰਣ ਸਾਡੀ ਜਾਣਕਾਰੀ ਅਤੇ ਸਾਡੇ ਵਿਸ਼ਵਾਸ ਦੇ ਰਹਿਮੋ ਕਰਮ ਤੇ ਹੈ। ਆਪਣੇ ਅੰਤਹਕਰਣ ਨੂੰ ਵਚਨ ਅਤੇ ਸਮਝ ਨਾਲ ਸਹੀ ਜਾਣਕਾਰੀ ਦੇਣੀ ਲਾਜ਼ਮੀ ਹੈ। ਦਾਊਦ ਨੇ ਆਪਣੇ ਮਨ ਵਿਚ ਖ਼ੁਦਾ ਦਾ ਵਚਨ ਜਮਾਂ ਕਰ ਲਿਆ ਸੀ ਤਾਂ ਜੋ ਉਸ ਤੋਂ ਪਾਪ ਨਾ ਹੋਵੇ (ਜ਼ਬੂਰ 119:11)। ਤੁਸੀਂ ਖ਼ੁਦਾ ਦੇ ਹੁਕਮਾਂ ਦਾ ਪੱਖ ਲੈ ਕੇ ਉਨ੍ਹਾਂ ਨੂੰ ਤੋੜ ਨਹੀਂ ਸਕਦੇ।

ਮੈਂ ਪਾਇਲਟ ਹਾਂ। ਜਹਾਜ਼ਾਂ ਵਿਚ ਜਹਾਜ਼ਰਾਣੀ ਵਿਚ ਇਕ ਕੰਪਾਸ ਵਰਤੀ ਜਾਂਦੀ ਹੈ, ਪਰ ਕੰਪਾਸ ਉੱਛਲ ਸਕਦੀ ਹੈ, ਅੱਗੇ ਨੱਸ ਸਕਦੀ ਹੈ ਜਾਂ ਪਿੱਛੇ ਡਿੱਗ ਸਕਦੀ ਹੈ। ਜਹਾਜ਼ ਡੀਜੀ (ਡਾਇਰੇਕਸ਼ਨਲ ਡਾਇਰੋ ਜਾਂ ਦਿਸ਼ਾ ਸੂਚਕ) ਨਾਲ ਹੀ ਉਡਾਇਆ ਜਾਂਦਾ ਹੈ। ਲੈਵਲ ਲਾਈਟ ਵਿਚ ਡੀਜੀ ਨੂੰ ਕੰਪਾਸ ਵਿਚ ਸੈਟ ਕੀਤਾ ਜਾਂਦਾ ਹੈ। ਹਰ ਪੰਦਰਾਂ ਮਿੰਨਟ ਬਾਅਦ ਕੰਪਾਸ ਨੂੰ ਮਿਲਾਉਣ ਲਈ ਡੀਜੀ ਨੂੰ ਸੈਟ ਕਰਦੇ ਹਨ। ਇਸੇ ਤਰ੍ਹਾਂ ਅਸੀਂ ਆਪਣੇ ਅੰਤਹਕਰਣ ਨਾਲ ਜੀਉਂਦੇ ਹਾਂ; ਤਾਂ ਵੀ ਅੰਤਹਕਰਣ ਨੂੰ ਖ਼ੁਦਾ ਦੇ ਵਚਨ ਨਾਲ ਮਿਲਾਉਣ ਲਈ ਰੋਜ਼ ਸੈਟ ਕਰਨਾ ਲਾਜ਼ਮੀ ਹੈ। ਅੰਤਹਕਰਣ ਬੇਨਤੀ ਕਰਦਾ ਹੈ, ਪਰ ਇਹ ਬੇਵਸ ਨਹੀ ਕਰਦਾ। ਅਸੀਂ ਆਪਣੀ ਜ਼ਿੰਦਗੀ ਨੂੰ ਘੜੀ ਦੇ ਹਿਸਾਬ ਨਾਲ ਚਲਾ ਸਕਦੇ ਹਾਂ, ਪਰ ਘੜੀ ਤਾਂ ਸੂਰਜ ਦੇ ਹਿਸਾਬ ਨਾਲ ਚੱਲਦੀ ਹੈ। ਅੰਤਹਕਰਣ ਸਾਡੀ ਇੱਛਾ ਦਾ ਜਵਾਬ ਨਹੀਂ ਦਿੰਦਾ।

(3) ਅੰਤਹਕਰਣ ''ਮਨੁੱਖ ਦੇ ਅੰਦਰ ਖ਼ੁਦਾ ਦੀ ਅਵਾਜ਼'' ਨਹੀਂ ਹੈ। ਇਹ ਅਵਾਜ਼ ਬਾਈਬਲ ਹੀ ਹੈ। ਅੰਤਹਕਰਣ ''ਮਨੁੱਖ ਦੇ ਅੰਦਰ ਮਨੁੱਖ ਦੀ ਅਵਾਜ਼'' ਹੈ। ਅਸੀਂ ਇਸ ਨੂੰ ਹੁਕਮ ਨਹੀਂ ਦਿੰਦੇ ਬਲਕਿ ਇਹ ਸਾਨੂੰ ਹੁਕਮ ਦਿੰਦਾ ਹੈ। ਸ਼ੇਕਸਪੀਅਰ ਨੇ ਆਖਿਆ ਸੀ, ''ਅੰਤਹਕਰਣ ਸਾਨੂੰ ਸਭ ਨੂੰ ਬੁਜ਼ਦਿਲ ਬਣਾ ਦਿੰਦਾ ਹੈ।'' ਅਸੀਂ ਇਸ ਦੇ ਉੱਪਰ ਹਾਂ ਪਰ ਫਿਰ ਵੀ ਇਸ ਦੇ ਅਧੀਨ ਹਾਂ। ਅਦਾਲਤ ਇਹ ਨਹੀਂ ਕਹਿੰਦੀ ਕਿ ਇਹ ਕਾਨੂੰਨ ਕਿਵੇਂ ਹੋਣਾ ਚਾਹੀਦਾ ਹੈ। ਕਿਉਂਕਿ ਇਹ ਕੰਮ ਵਿਧਾਨਪਾਲਿਕਾ ਦਾ ਹੈ। ਅਦਾਲਤ ਤਾਂ ਇਹ ਵੇਖਦੀ ਹੈ ਕਿ ਕਾਨੂੰਨ ਕੀ ਕਹਿੰਦਾ ਹੈ ਅਤੇ ਉਸੇ ਦੇ ਮੁਤਾਬਕ ਕੰਮ ਕਰਦੀ

ਹੈ। ਮਨੁੱਖ ਦਾ ਤਰਕ ਨਿਯਮ ਤੈਅ ਕਰਦਾ ਹੈ ਜਦ ਕਿ ਮਨੁੱਖ ਦਾ ਅੰਤਹਕਰਣ ਉਸ ਨੂੰ ਪੂਰਾ ਕਰਨਾ ਚਾਹੁੰਦਾ ਹੈ। ਅਦਾਲਤ ਬਿਨਾਂ ਕਾਨੂੰਨ ਦੇ ਸ਼ਕਤੀਹੀਣ ਹੋਵੇਗੀ ਅਤੇ ਕਾਨੂੰਨ ਵੀ ਅਦਾਲਤ ਦੇ ਬਗੈਰ ਉਨਾਂ ਹੀ ਸ਼ਕਤੀਹੀਣ ਹੋਵੇਗਾ।

ਬਿਨਾਂ ਅੰਤਹਕਰਣ ਦੇ ਕੋਈ ਵੀ ਅਪੀਲ ਬੇਕਾਰ ਹੈ। ਇੱਥੋਂ ਤਕ ਕਿ ਸ਼ੈਤਾਨ ਵੀ ਸਹੀ ਅਤੇ ਗਲਤ ਦੇ ਫ਼ਰਕ ਨੂੰ ਜਾਣਦਾ ਹੈ। ਕਿਸੇ ਨੇ ਕਦੇ ਸ਼ੈਤਾਨ ਉੱਤੇ ਗੁੰਗਾ ਹੋਣ ਦਾ ਇਲਜ਼ਾਮ ਨਹੀਂ ਲਾਇਆ। ਅੰਤਹਕਰਣ ''ਦੋਸ਼ੀ, ਸ਼ਕਤੀ ਜਾਂ ਅੰਦਰੂਨੀ ਨਿਯਮ ਨੂੰ, ਜਿਹੜਾ ਕਿਸੇ ਦੇ ਆਪਣੇ ਕੰਮ ਦੇ ਸੁਭਾਅ ਨੂੰ ਠਹਿਰਾਉਂਦਾ ਹੈ'' ਹੈ। ਅੰਤਹਕਰਣ ਆਦਮੀ ਦਾ ਆਪ ਇਕ ਨੈਤਿਕ ਪ੍ਰਾਣੀ ਹੋਣ ਦੇ ਨਾਤੇ ਗੱਲ ਕਰਨਾ ਹੈ। ਇਸ ਕਰਕੇ ਮਨੁੱਖ ਦਾ ਅੰਤਹਕਰਣ ਆਪਣੇ ਤੋਂ ਛੁਟ ਕਿਸੇ ਹੋਰ ਦੇ ਵਿਸ਼ਵਾਸ ਤੇ ਪ੍ਰਤੀਕਿਰਿਆ ਨਹੀਂ ਕਰ ਸਕਦਾ। ਇਸ ਸਿਧਾਂਤ ਨਾਲ ਗੈਰ ਕੌਮਾਂ ''ਆਪਣੇ ਲਈ ਆਪ ਹੀ ਸ਼ਰ੍ਹਾ ਹਨ'' (ਰੋਮੀਆਂ 2:14)। ਦੁਸ਼ਟ ਲੋਕ ਉਦੋਂ ਵੀ ਨੱਸਦੇ ਹਨ ਜਦ ਕੋਈ ਉਨ੍ਹਾਂ ਦਾ ਪਿੱਛਾ ਨਹੀਂ ਕਰਦਾ (ਕਹਾਉਤਾਂ 28:1)। ਮਸੀਹੀ ਲੋਕਾਂ ਨੂੰ ਹਰ ਕੰਮ ਮਸੀਹ ਦੇ ਅਧੀਨ ਕਰਨ ਦਾ ਹੁਕਮ ਹੈ (2 ਕੁਰਿੰਥੀਆਂ 10:5)। ਅੰਤਹਕਰਣ ਖ਼ੁਦਾ ਲਈ ਮਨੁੱਖ ਦੇ ਵਿਹਾਰ ਨੂੰ ਵਿਖਾਉਂਦਾ ਅਤੇ ਉਸ ਨੂੰ ਆਪਣੇ ਲਈ ਖ਼ੁਦਾ ਦੇ ਵਿਹਾਰ ਤੋਂ ਜਾਣੂ ਕਰਵਾਉਂਦਾ ਹੈ। ਅੰਤਹਕਰਣ ਆਪਣੇ ਫੈਸਲੇ ਵਿਚ ਬੜਾ ਸਪਸ਼ਟ ਹੈ। ਇਹ ਬਗੈਰ ਤਰਕ ਦਿੱਤੇ ਆਪਣਾ ਫ਼ੈਸਲਾ ਦੱਸ ਦਿੰਦਾ ਹੈ। ਅੰਤਹਕਰਣ ਆਪਣਾ ਫ਼ੈਸਲਾ ਇਮਾਨਦਾਰੀ ਨਾਲ ਦਿੰਦਾ ਹੈ। ਇਸ ਵਿਚ ਸੌਦੇਬਾਜ਼ੀ ਜਾਂ ਸਮਝੌਤਾ ਨਹੀਂ ਹੋ ਸਕਦਾ। ਅੰਤਹਕਰਣ ਫ਼ੈਸਲਾ ਲੈਣ ਵਿਚ ਆਪਣੀ ਮਰਜ਼ੀ ਕਰਦਾ ਹੈ। ਅੰਤਹਕਰਣ ਨੂੰ ਰਿਸ਼ਵਤ ਨਹੀਂ ਦਿੱਤੀ ਜਾ ਸਕਦੀ ਹੈ। ਇਸ ਕਰਕੇ ਆਪਣੇ ਅੰਤਹਕਰਣ ਦੀ ਗੱਲ ਨੂੰ ਕਦੇ ਨਾ ਟਾਲੋ। ਯਾਦ ਰੱਖੋ ਕਿ ਇਕ ਮਸੀਹੀ ਦੇ ਤੌਰ ਤੇ ਤੁਹਾਡੀ ਡਿਊਟੀ ਕਦੇ ਮੁਕਦੀ ਨਹੀਂ ਹੈ।

## ਅੰਤਹਕਰਣ ਅਤੇ ਵਚਨ

ਪੁਰਾਣੇ ਨੇਮ ਵਿਚ ''ਅੰਤਹਕਰਣ'' ਸ਼ਬਦ ਨੂੰ ਸਾਫ਼ ਅਰਥ ਵਿਚ ਨਹੀਂ ਵਰਤਿਆ ਗਿਆ। ਪਰ ਇਸ ਨੂੰ ''ਦਿਲ'' ਆਖਿਆ ਜਾਂਦਾ ਹੈ, ਹਿੱਸਾ ਹੈ। ਦਾਊਦ, ਇਸਰਾਏਲ ਅਤੇ ਇੱਥੋਂ ਤਕ ਕਿ ਕਾਫ਼ਰਾਂ ਨੇ ਵੀ ਆਪਣੇ ਅੰਤਹਕਰਣ ਦੇ ਕਾਰਣ ਖ਼ੁਦਾ ਅੱਗੇ ਤੌਬਾ ਕੀਤੀ। ਅੱਜ ਲੋਕ ਅੰਤਹਕਰਣ ਦੀ ਪਰਵਾਹ ਨਹੀਂ ਕਰਦੇ ਜਾਂ ਉਸ ਤੋਂ ਇਨਕਾਰ ਕਰਦੇ ਹਨ। ਨਵੇਂ ਨੇਮ ਦਾ ਅਧਿਐਨ ਕਰੋ। ਤੁਸੀਂ ਅੰਤਹਕਰਣ ਦੇ ਸਿੱਧੇ ਸੰਕੇਤਾਂ (ਇਕੱਤੀ) ਨੂੰ ਵੇਖ ਕੇ ਦੰਗ ਰਹਿ ਜਾਓਗੇ। ਪਰ ਅੰਤਹਕਰਣ ਇੰਜੀਲ ਦੀਆਂ ਕਿਤਾਬਾਂ ਵਿਚ ਸਿਰਫ਼ ਇੱਕੋ ਵਾਰ ਮਿਲਦਾ ਹੈ (ਯੂਹੰਨਾ 8:9; KJV)। ਇਹ ਤੱਥ ਵੀ ਧਿਆਨ-ਖਿੱਚੂ ਹੈ। ਖ਼ਾਸ ਸੰਦਰਭ ਵਿਚ ''ਜ਼ਨਾਹ ਵਿਚ ਫੜੀ ਗਈ ਔਰਤ'' ਹੈ। ਅੰਤਹਕਰਣ ਦੇ ਕਾਰਣ ਹੀ ਉਸ ਉੱਤੇ ਇਲਜ਼ਾਮ ਲਾਉਣ ਵਾਲੇ ਲੋਕ ਯਿਸੂ ਦੀ ਝਿੜਕ ਸੁਣ ਕੇ ਖਿਸਕ ਜਾਂਦੇ ਹਨ। ਪਹਾੜੀ ਉਪਦੇਸ਼, ਖ਼ਾਸ ਕਰ ਮੁਬਾਰਕਬਾਦੀਆਂ ਪੜ੍ਹੋ। ਯਿਸੂ ਅਤੇ ਮੁਬਾਰਕਬਾਦੀਆਂ ਦੋਵੇਂ ਇੱਕੋ ਹਨ। ਮੁਬਾਰਕਬਾਦੀਆਂ ਯਿਸੂ, ਰੂਹਾਨੀਅਤ ਅਤੇ ਅੰਤਹਕਰਣ ਹਨ।

''ਅੰਤਹਕਰਣ'' ਸ਼ਬਦ ਦੀ ਵਰਤੋਂ ਬਾਈਬਲ ਵਿਚ ਸਿਰਫ਼ ਇਨ੍ਹਾਂ ਤਿਨ ਲੇਖਕਾਂ ਯੂਹੰਨਾ, ਪਤਰਸ ਅਤੇ ਪੌਲੁਸ ਨੇ ਕੀਤੀ ਹੈ। ਪੌਲੁਸ ਨੇ ਇਸ ਸ਼ਬਦ ਦੀ ਵਰਤੋਂ ਵੀਹ ਵਾਰ (ਅੱਠ ਵਾਰ ਮਾਸ ਦੇ ਸਬੰਧ ਵਿਚ ਕੀਤੀ ਹੈ) 1 ਪਤਰਸ 3:15-21 ਵਿਚ ਪਤਰਸ ਦੇ ਸ਼ਬਦ ਸਾਨੂੰ ਅਚਾਨਕ ਫੜ ਲੈਂਦੇ ਹਨ। ਇੰਜੀਲ ਦੀ ਮੁਨਾਦੀ ਅੰਤਹਕਰਣ ਦੇ ਕਾਰਣ ਹੀ ਹੁੰਦੀ ਹੈ। ਇਹ ਇੰਜੀਲ ਦੀ ਮੁਨਾਦੀ ਨੂੰ ਸੁਰੱਖਿਅਤ ਰੱਖਦਾ ਹੈ। ਬਪਤਿਸਮਾ ਮਨੁੱਖ ਦੀ ਯੋਗਤਾ ਦਾ ਨਹੀਂ ਬਲਕਿ ਅੰਤਹਕਰਣ ਦਾ ਕੰਮ ਹੈ। ਖ਼ੁਦਾ ਮਨੁੱਖ ਨੂੰ ਆਪਣੀ ਮੁਕਤੀ ਨਾਲ ਸਰੱਖਿਅਤ ਵੇਖਣਾ ਚਾਹੁੰਦਾ ਹੈ। ਸੁਪਨੇ, ਭਾਵਨਾਵਾਂ ਅਤੇ ''ਮੈਨੂੰ ਇੰਜ ਲਗਦਾ ਹੈ'' ਵਰਗੀਆਂ ਗੱਲਾਂ ਦੀ ਕੋਈ ਅਹਿਮੀਅਤ ਨਹੀਂ ਹੈ। ਅੰਤਹਕਰਣ ਬਪਤਿਸਮੇ

ਦੀ ਤਸਦੀਕ ਕਰਦਾ ਹੈ।

ਬਾਈਬਲ ਦੀ ਸ਼ਾਇਦ ਸਭ ਤੋਂ ਵੱਡੀ ਗੱਲ ਇਬਰਾਨੀਆਂ 4:12 ਵਿਚ ਮਿਲਦੀ ਹੈ: ''ਕਿਉਂ ਜੋ ਪਰਮੇਸ਼ੁਰ ਦਾ ਵਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ।'' ''ਬਾਈਬਲ'' ਮਨ ਦਾ ਪਤਾ ਇਵੇਂ ਲਾ ਲੈਂਦੀ ਹੈ ਜਿਵੇਂ ਕੋਈ ਹੋਰ ਨਹੀਂ ਲਾਉਂਦਾ। ਖ਼ੁਦਾ ਦਾ ਵਚਨ ਖ਼ੁਦਾ ਨੂੰ ਸਾਡੇ ਕੋਲ, ਸਾਨੂੰ ਖ਼ੁਦਾ ਕੋਲ ਅਤੇ ਸਾਨੂੰ ਸਾਡੇ ਕੋਲ ਲਿਆਉਂਦਾ ਹੈ।

ਬਾਈਬਲ ਵਿਖਾਉਂਦੀ ਹੈ:

... ਕਮਜ਼ੋਰ ਅੰਤਹਕਰਣ ਨੂੰ (1 ਕੁਰਿੰਥੀਆਂ 8:7)
... ਦੂਸ਼ਿਤ ਅੰਹਤਕਹਰਣ ਨੂੰ (ਤੀਤੁਸ 1:15)
... ਸ਼ੁੱਧ ਅੰਤਹਕਰਣ ਨੂੰ (1 ਤਿਮੋਥਿਉਸ 3:9)
... ਸਾਫ਼ ਅੰਤਹਕਰਣ ਨੂੰ (ਇਬਰਾਨੀਆਂ 13:18)
... ਤੱਤੇ ਲੋਹੇ ਨਾਲ ਦਾਗੇ ਅੰਤਹਕਰਣ ਨੂੰ (1 ਤਿਮੋਥਿਉਸ 4:1–3)
... ਗਵਾਹੀ ਦੇਣ ਵਾਲੇ ਅੰਤਹਕਰਣ ਨੂੰ (ਰੋਮੀਆਂ 2:15)
... ਸਾਡੇ ਅੰਤਹਕਰਣ ਨੂੰ (2 ਕੁਰਿੰਥੀਆਂ 1:12)

ਸਾਫ਼ ਨਿਚੋੜ ਇਹ ਹੈ ਕਿ ਅੰਤਹਕਰਣ ਨੂੰ ਖ਼ੁਦਾ ਦੇ ਵਚਨ ਦੇ ਰਾਹੀਂ ਮਾਨਕ ਬਨਾਉਣਾ ਜ਼ਰੂਰੀ ਹੈ। ਇਸ ਵਿਚ ਆਰਥੋਡੋਕਸ (ਖ਼ਰੀ ਸਿੱਖਿਆ) ਅਤੇ ਆਰਥੋਪਰਾਕਸੀ (ਸ਼ੁੱਧ ਜੀਵਨ) ਦੋਵੇਂ ਸ਼ਾਮਿਲ ਹਨ।

## ਯਕੀਨ ਵਿਚ ਅੰਤਹਕਰਣ

ਸਚਿਆਈ ਤੋਂ ਇਨਕਾਰ ਕਰਨਾ ਜਾਂ ਉਸ ਨਾਲੋਂ ਬੇਹਤਰ ਜਾਣਨਾ ਯਕੀਨ ਦੀ ਬਰਬਾਦੀ ਕਰਨਾ ਹੈ। ਜੇ ਸਚਿਆਈ ਦੀ ਕੋਈ ਅਹਿਮੀਅਤ ਨਹੀਂ ਹੈ ਤਾਂ ਯਕੀਨ ਕਿਉਂ ਕਰੀਏ? ਪਰਵਾਹ ਕਿਉਂ ਕਰੀਏ? ਯੂਹੰਨਾ 8:32 ਵਿਚ ਯਿਸੂ ਨੇ ਆਖਿਆ, ''ਅਤੇ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ।'' ਸਹੀ ਸਮਝ ਨਾਲ ਕੋਈ ਵੀ ਬੰਦਾ ਇਸ ''ਸਚਿਆਈ'' ਵਿਚ ''ਸਚਿਆਈ'' ਨੂੰ ਚੁਣੌਤੀ ਨਹੀਂ ਦਿੰਦਾ। ਬਾਈਬਲ ਖ਼ੁਦਾ, ਲੋਕਾਂ ਅਤੇ ਜ਼ਿੰਦਗੀ ਦੇ ਸਬੰਧ ਵਿਚ ਡੂੰਘਾ ਯਕੀਨ ਦਿੰਦੀ ਹੈ। ਤੁਸੀਂ ਆਪਣੇ ਯਕੀਨਾਂ ਨਾਲ ਜੀਉਂਦੇ ਅਤੇ ਮਰਦੇ ਹੋ। ਯਕੀਨ ਅੰਤਹਕਰਣ ਦੇ ਹੋਣ ਕਰਕੇ ਵਿਸ਼ਵਾਸ ਦੀ ਗੱਲ ਬਣਦੇ ਹਨ। ਯਕੀਨ ਲਈ ਕੰਮ ਜ਼ਰੂਰੀ ਹੈ ਅਤੇ ਇਹ ਕੰਮਾਂ ਨੂੰ ਹਦਾਇਤ ਦਿੰਦਾ ਹੈ। ਯਾਕੂਬ 2:17 ਕਹਿੰਦਾ ਹੈ ਕਿ ''ਨਿਹਚਾ ਜੋ ਅਮਲ ਸਹਿਤ ਨਾ ਹੋਵੇ ਤਾਂ ਆਪਣੇ ਆਪ ਤੋਂ ਮੋਈ ਹੋਈ ਹੈ'' (ਆਇਤਾਂ 20, 26 ਵੀ ਵੇਖੋ)। ਮਸੀਹੀ ਲੋਕ ''ਸੁੱਖ ਅਰਾਮ ਦੇ ਖੇਤਰਾਂ'' ਦੇ ਰਾਹੀਂ ਨਹੀਂ ਬਲਕਿ ਯਕੀਨਾਂ ਦੇ ਰਾਹੀਂ ਜੀਉਂਦੇ ਹਨ। ਅੰਤਹਕਰਣ ਨੂੰ ਜਾਣਕਾਰੀ ਦੇਣ ਅਤੇ ਸਿਖਲਾਈ ਦੇਣਾ ਜ਼ਰੂਰੀ ਹੈ। ਦੇਹ ਅਤੇ ਪ੍ਰਾਣ ਦੇ ਹੋਰ ਅੰਗਾਂ ਵਾਂਗ ਅੰਤਹਕਰਣ ਨੂੰ ਵੀ ਕਸਰਤ ਨਾਲ ਤਗੜੇ ਕੀਤਾ ਜਾਣਾ ਚਾਹੀਦਾ ਹੈ।

ਆਓ, ਮੇਰੇ ਨਾਲ ਚੱਲੋ।

---

ਟਿੱਪਣੀ

[1]ਪੈਰੀ ਮੇਸਨ ਰਹੱਸ ਕਹਾਣੀਆਂ ਦੇ ਲੇਖਕ ਅਰਲ ਸਟੈਨਲੀ ਗਾਰਡਨਰ ਨੇ ਝੂਠੇ ਜੁਰਮ ਵਿਚ ਫ਼ਸੇ ਲੋਕਾਂ ਦੀ ਮਦਦ ਲਈ ਦ ਕੋਰਟ ਆਫ਼ ਲਾਸਟ ਰਿਜ਼ੋਰਟ ਨਾਮਕ ਸੰਸਥਾ ਬਣਾਈ।